# Press note for

Expert Lecture by Professor Mandeep Singh ,
Organized by Department of Electrical Engineering (26th Oct, 2016)

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜ: ਅਤੇ ਟੈਕਨਾਲੋਜੀ, ਬਠਿੰਡਾ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਇਲੈਕਟਰੀਕਲ ਵਿਭਾਗ ਵਲੋਂ ਬਿਜਲੀ ਉਪਕਰਣਾਂ ਵਿੱਚ ਊਰਜਾ ਦੇ ਬਚਾਅ ਸਬੰਧੀ ਮਿਤੀ 27.10.2016 ਨੂੰ ਮਾਹਰ ਲੈਕਚਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਥਾਪਰ ਯੂਨੀਵਰਸਿਟੀ ਪਟਿਆਲਾ ਦੇ ਇਲੈਕਟਰੀਕਲ ਵਿਭਾਗ ਦੇ ਪ੍ਰਸਿੱਧ ਪ੍ਰੋਫੈਸ਼ਰ ਮਨਦੀਪ ਸਿੰਘ ਵਲੋਂ ਮਾਹਰ ਦੇ ਤੌਰ ਤੇ ਇਲੈਕਟਰੀਕਲ ਵਿਭਾਗ ਦੇ 5ਵੇਂ ਅਤੇ 7ਵੇਂ ਸਮੈਸਟਰ ਦੇ ਵਿਦਿਆਰਥੀਆਂ ਨੂੰ ਭਾਸ਼ਨ ਦਿੱਤਾ ਗਿਆ।

ਪ੍ਰੋਫੈਸ਼ਰ ਮਨਦੀਪ ਸਿੰਘ ਊਰਜ਼ਾ ਸਮਰੱਥਾ ਬਿਊਰੋ ਦੇ ਸਰਟੀਫਾਈਡ ਆਡੀਟਰ ਹਨ। ਪ੍ਰੋਫੈਸ਼ਰ ਸਿੰਘ ਦਾ ਊਰਜਾ ਦੇ ਬਚਾਅ ਅਤੇ ਸੰਬੰਧਿਤ ਖੇਤਰ ਵਿੱਚ 20 ਸਾਲ ਦਾ ਤਜਰਬਾ ਹੈ।ਉਹਨਾਂ ਨੇ ਵੱਖ ਵੱਖ ਗਰੈਜੂਏਟ ਅਤੇ ਪੋਸਟ-ਗਰੈਜੂਏਟ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਗਏ ਕੌਂਸਲਿੰਗ ਸੈਸ਼ਨ ਕਰਵਾਏ ਹਨ ਜਿਸ ਨਾਲ ਵਿਦਿਆਰਥੀਆਂ ਨੂੰ ਤਕਨੀਕੀ ਖੇਤਰ ਵਿੱਚ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ ਅਤੇ ਨਾਲ ਹੀ ਵਿਦਿਆਰਥੀਆਂ ਦੇ ਕਿੱਤੇ ਸਬੰਧੀ ਯੋਗ ਅਗਵਾਈ ਵੀ ਮਿਲਦੀ ਹੈ। ਆਪਣੇ ਭਾਸ਼ਨ ਦੌਰਾਨ ਉਹਨਾਂ ਨੇ ਊਰਜਾ ਦੀ ਬਚਤ ਦੀ ਜਰੂਰਤ ਤੇ ਜ਼ੋਰ ਦਿੱਤਾ ਅਤੇ ਇਲੈਕਟਰੀਕਲ ਇੰਜ: ਨੂੰ ਇੱਕ ਪੇਸ਼ੇ ਦੇ ਤੌਰ ਤੇ ਅਪਣਾਉਣ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

ਉਹਨਾਂ ਨੇ ਬਿਜਲੀ ਟਰਾਂਸਫਰ ਦੇ ਅਮਲੀ ਸੰਕਲਪਾਂ, ਊਰਜਾ ਦੀ ਖਪਤ, ਕੁਸ਼ਲ ਊਰਜਾ ਪ੍ਰਬੰਧਨ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।ਉਹਨਾਂ ਨੇ ਇਲੈਕਟਰੀਕਲ ਖੇਤਰ ਦੇ ਹੋਰਨਾਂ ਉਦਯੋਗਿਕ ਖੇਤਰਾਂ ਨਾਲ ਸਬੰਧਾਂ ਉੱਪਰ ਚਾਨਣਾ ਪਾਇਆ। ਉਹਨਾਂ ਨੇ ਬਿਜਲੀ ਦੇ ਖੇਤਰ ਵਿੱਚ ਪਾਵਰ ਟਰਾਂਸਮਿਸ਼ਨ ਅਤੇ ਵੰਡ ਪ੍ਰਣਾਲੀ ਸਬੰਧੀ ਆਉਣ ਵਾਲੀਆਂ ਔਂਕੜਾਂ ਦਾ ਵਿਦਿਆਰਥੀਆਂ ਦਾ ਸੁਚੱਜੇ ਤਰੀਕੇ ਨਾਲ ਮਾਰਗ ਦਰਸ਼ਨ ਕੀਤਾ। ਵੀਡੀਓ ਅਤੇ ਪਾਵਰ ਪੁਆਇੰਟ ਪੇਸ਼ਕਾਰੀ ਦੁਆਰਾ ਵਿਦਿਆਰਥੀਆਂ ਨੂੰ ਵੱਖ ਵੱਖ ਦੇਸ਼ਾਂ ਦੁਆਰਾ ਊਰਜਾ ਦੀ ਬਚਤ ਸਬੰਧੀ ਵੱਡਮੁੱਲੀ ਜਾਣਕਾਰੀ ਦੇਕੇ ਜਾਗਰੂਕ ਕੀਤਾ ਗਿਆ।

ਪ੍ਰੋਫੈਸ਼ਰ ਮੋਹਨ ਪਾਲ ਸਿੰਘ ਈਸ਼ਰ, ਉੱਪ ਕੁੱਲਪਤੀ ਮਰਸਪਟਯ, ਬਠਿੰਡਾ ਨੇ ਇਲੈਕਟਰੀਕਲ ਡਿਪਾਰਟਮੈਂਟ ਦੇ ਸਮੂਹ ਸਟਾਫ ਨੂੰ ਇਸ ਆਯੋਜਨ ਲਈ ਸਰਾਹਿਆ ਅਤੇ ਨਾਲ ਹੀ ਉਹਨਾਂ ਕਿਹਾ ਕਿ ਵਿਦਿਆਰਥੀਆਂ ਨੂੰ ਊਰਜਾ ਦੀ ਬਚਤ ਸਬੰਧੀ ਜਾਗਰੂਕ ਹੋਣਾ ਬਹੁੱਤ ਲਾਜਮੀ ਹੈ ਤਾਂ ਜੋ ਭਵਿੱਖ ਵਿੱਚ ਉਹ ਇਸ ਖੇਤਰ ਵਿੱਚ ਚੰਗੇ ਤਰੀਕੇ ਨਾਲ ਆਪਣੀਆਂ ਸੇਵਾਵਾਂ ਨਿਭਾ ਸਕਣ।

ਕੈਂਪਸ ਡਾਇਰੈਕਟਰ, ਪ੍ਰੋਫੈਸ਼ਰ ਗੁਰਸ਼ਰਨ ਸਿੰਘ, ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜ: ਅਤੇ ਟੈਕਨਾਲੋਜੀ, ਬਠਿੰਡਾ ਨੇ ਸਮੂਹ ਇਲੈਕਟਰੀਕਲ ਵਿਭਾਗ ਅਤੇ ਪ੍ਰੋਫੈਸ਼ਰ ਅਮਿਤ ਕੁਮਾਰ ਮਨੋਚਾ( ਵਿਭਾਗੀ ਮੁਖੀ) ਨੂੰ ਇਸ ਉਪਰਾਲੇ ਲਈ ਸਰਾਹਿਆ ਅਤੇ ਇਸ ਪ੍ਰੋਗਰਾਮ ਦੇ ਆਯੋਜਨ ਲਈ ਵਧਾਈ ਦਿੱਤੀ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋਫੈਸ਼ਰ ਮਨੋਚਾ ਨੇ ਪ੍ਰੋਫੈਸ਼ਰ ਮਨਦੀਪ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।


Setting the target



